# ਕੀ ਪੰਜਾਬੀ ਨਾਟਕ ਸੰਕਟ ਵਿਚ ਹੈ?

## ਕਲਾ ਤੇ ਜ਼ਿੰਦਗੀ



### ਗੁਰਸ਼ਰਨ ਸਿੰਘ

ਪੰਜਾਬੀ ਨਾਟਕ ਦੀ ਜਦੋਂ ਵੀ ਗੱਲ ਤੁਰਦੀ ਹੈ ਤਾਂ ਸੰਕਟ ਦੀ ਗੱਲ ਨਾਲ ਜੁੜਦੀ ਹੈ। ਦੂਜੀਆਂ ਜ਼ਬਾਨਾਂ ਦੇ ਨਾਟਕ ਨਾਲ ਮੁਕਾਬਲਾ ਕਰਦਿਆਂ ਇਹ ਆਖਿਆ ਜਾਂਦਾ ਹੈ ਕਿ ਪੰਜਾਬੀ ਨਾਟਕ ਦਾ ਵਿਕਾਸ ਨਹੀਂ ਹੋਇਆ। ਸਾਹਿਤ ਚਿੰਤਨ ਚੰਡੀਗੜ੍ਹ ਵਲੋਂ 7 ਜੂਨ, 1998 ਨੂੰ ਥੀਏਟਰ ਦੀ ਸਥਾਪਤ ਸ਼ਖ਼ਸੀਅਤ ਨੀਲਮ ਮਾਨ ਸਿੰਘ ਨਾਲ ਇਕ ਰੂਬਰੂ ਪ੍ਰੋਗਰਾਮ ਹੋਇਆ, ਜਿਸ ਵਿਚ ਪੰਜਾਬੀ ਥੀਏਟਰ ਬਾਰੇ ਖੁਲ੍ਹ ਕੇ ਵਿਚਾਰ-ਵਟਾਂਦਰਾ ਹੋਇਆ। ਨੀਲਮ ਮਾਨ ਸਿੰਘ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉਤੇ ਪੰਜਾਬੀ ਨਾਟਕ ਕੀਤਾ ਹੈ। ਆਲੋਚਕਾਂ ਦਾ ਖ਼ਿਆਲ ਹੈ ਕਿ ਉਸ ਨੇ ਪੰਜਾਬੀ ਨਾਟਕ ਨੂੰ ਨਹੀਂ ਸਗੋਂ ਬਾਹਰਲੇ ਨਾਟਕਾਂ ਨੂੰ ਪੰਜਾਬੀ ਜ਼ਬਾਨ ਵਿਚ ਕੀਤਾ ਹੈ, ਉਹਦਾ ਥੀਏਟਰ ਰੱਜੇ-ਪੁੱਜੇ ਲੋਕਾਂ ਦਾ ਥੀਏਟਰ ਹੈ ਅਤੇ ਉਹ ਪੰਜਾਬ ਦੇ ਸਾਧਾਰਨ ਲੋਕਾਂ ਨੂੰ ਆਪਣੇ ਕਲਾਵੇ ਵਿਚ ਨਹੀਂ ਲੈਂਦਾ। ਨੀਲਮ ਮਾਨ ਸਿੰਘ ਨੇ ਆਪਣੇ ਰੂਬਰੂ ਪ੍ਰੋਗਰਾਮ ਵਿਚ ਇਸ ਫਤਵੇ ਨੂੰ ਸਵੀਕਾਰ ਨਹੀਂ ਕੀਤਾ ਅਤੇ ਕੁਝ ਤੱਥ ਹਾਜ਼ਰ ਲੋਕਾਂ ਨਾਲ ਸਾਂਝੇ ਕੀਤੇ।

ਨੀਲਮ ਮਾਨ ਸਿੰਘ ਨੇ ਕਿਹਾ ਕਿ ਉਹ ਥੀਏਟਰ ਨੂੰ ਸਿਰਜਣਾ ਦਾ ਇਕ ਅਮਲ ਸਮਝਦੀ ਹੈ ਜਿਸ ਵਿਚ ਸਿਰਜਣਾ ਕਰਨ ਵਾਲੇ ਨੇ ਇਹ ਦੇਖਣਾ ਹੁੰਦਾ ਹੈ ਕਿ ਉਹਦੀ ਸਿਰਜਣਾ, ਉਹਦੀ ਅੰਦਰ ਦੀ ਸੰਵੇਦਨਾ ਦੀ ਤਸੱਲੀ ਕਰੇ। ਪੰਜਾਬੀ ਦਾ ਲਿਖਿਆ ਨਾਟਕ ਉਹਦੀ ਸੰਵੇਦਨਾ ਨੂੰ ਪੂਰਾ ਨਹੀਂ ਕਰਦਾ, ਇਸ ਲਈ ਉਹ ਬਾਹਰ ਵੱਲ ਦੇਖਦੀ ਹੈ। ਉਹ ਬਾਹਰਲੇ ਨਾਟਕਾਂ ਨੂੰ ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਵਿਚ ਢਾਲਦੀ ਹੈ। ਉਹਨੇ ਇਹ ਵੀ ਦੱਸਿਆ ਕਿ ਸੁਰਜੀਤ ਪਾਤਰ ਨਾਲ ਰਲ ਕੇ ਉਹ ਇਕ ਮੌਲਿਕ ਪੰਜਾਬੀ ਨਾਟਕ ਦੀ ਸਿਰਜਣਾ ਕਰਨਾ ਚਾਹੁੰਦੀ ਹੈ। ਉਹਨੇ ਕਿਹਾ ਕਿ ਸਾਧਾਰਨ ਲੋਕਾਂ ਤਕ ਜੇ ਉਹਦਾ ਥੀਏਟਰ ਨਹੀਂ ਪੁੱਜਦਾ ਤਾਂ ਉਹਦਾ ਫਿਕਰ ਉਨ੍ਹਾਂ ਨੂੰ ਹੋਣਾ ਹੀ ਚਾਹੀਦਾ ਹੈ ਜਿਨ੍ਹਾਂ ਦੇ ਜ਼ਿੰਮੇ ਪੰਜਾਬ ਦੇ ਸੁਹਜ ਸੁਆਦ ਦਾ ਵਿਕਾਸ ਕਰਨਾ ਹੈ। ਇਹ ਸਰਕਾਰੀ ਅਕਾਦਮੀਆਂ ਹੋ ਸਕਦੀਆਂ ਹਨ। ਇਹ ਯੂਨੀਵਰਸਿਟੀਆਂ ਹੋ ਸਕਦੀਆਂ ਹਨ। ਉਹ ਤਾਂ ਚਾਹਵੇਗੀ ਕਿ ਉਹਦਾ ਥੀਏਟਰ ਵੱਧ ਤੋਂ ਵੱਧ ਲੋਕਾਂ ਤਕ ਜਾਵੇ।

ਨੀਲਮ ਮਾਨ ਸਿੰਘ ਨੇ ਜਦੋਂ ਈਮਾਨਦਾਰੀ ਨਾਲ ਆਪਣੇ ਫਿਕਰ ਦੀ ਗੱਲ ਕੀਤੀ ਤਾਂ ਉਥੋਂ ਹੀ ਗੱਲ ਅੱਗੇ ਤੁਰੀ। ਹਰ ਇਕ ਕਲਾਕਾਰ ਨੇ ਆਪਣੀ ਆਪਣੀ ਵਚਨਬੱਧਤਾ ਅਨੁਸਾਰ ਆਪਣੀ ਕਲਾ ਦਾ ਵਿਕਾਸ ਕਰਨਾ ਹੁੰਦਾ ਹੈ। ਜਿਥੋਂ ਤਕ ਸੰਕਟ ਦਾ ਤੁਅੱਲਕ ਹੈ, ਨੀਲਮ ਮਾਨ ਸਿੰਘ ਕਿਸੇ ਸੰਕਟ ਵਿਚ ਨਹੀਂ। ਉਹਦਾ ਥੀਏਟਰ ਦੇ ਖੇਤਰ ਵਿਚ ਆਉਣਾ ਜਿਸ ਮੰਤਵ ਲਈ ਸੀ, ਉਹ ਉਸ ਮੰਤਵ ਨੂੰ ਪੂਰਾ ਕਰ ਰਹੀ ਹੈ। ਉਹਦਾ ਕਦੀ ਇਹ ਮੰਤਵ ਨਹੀਂ ਸੀ ਅਤੇ ਨਾ ਹੀ ਕੋਈ ਫਿਕਰ ਸੀ ਕਿ ਉਹਨੇ ਸਮਾਜਿਕ ਨਾਬਰਾਬਰੀ ਜਾਂ ਬੇਇਨਸਾਫ਼ੀ ਵਿਰੁਧ ਲੋਕਾਂ ਨੂੰ ਚੇਤੰਨ ਕਰਨਾ ਜਾਂ ਲਾਮਬੰਦ ਕਰਨਾ ਹੈ।

ਥੀਏਟਰ ਦੇ ਸੰਦਰਭ ਵਿਚ ਹਰਪਾਲ ਟਿਵਾਣਾ ਦੇ ਆਪਣੇ ਫਿਕਰ ਹਨ। ਉਹਦਾ ਯਕੀਨ ਹੈ ਕਿ ਥੀਏਟਰ ਤਾਂ ਹੀ ਵਿਕਾਸ ਕਰ ਸਕੇਗਾ ਜਦੋਂ ਇਹ ਪ੍ਰੋਫੈਸ਼ਨਲ ਜਾਂ ਪੇਸ਼ਾਵਰ ਰੂਪ ਵਿਚ ਆਏਗਾ। ਲੋਕ ਟਿਕਟਾਂ ਖਰਚ ਕੇ ਨਾਟਕ ਦੇਖਣ ਆਉਣਗੇ। ਕਲਾਕਾਰ ਆਪਣੀ ਕਲਾ ਬਾਰੇ ਬਾਕਾਇਦਾ ਸਿਖਲਾਈ ਲੈਣਗੇ। ਐਕਟਿੰਗ, ਸਟੇਜ ਡੀਜ਼ਾਇਨ, ਮੇਕਅੱਪ ਆਦਿਕ ਥੀਏਟਰ ਦੀਆਂ ਵੱਖ ਵੱਖ ਜ਼ਰੂਰਤਾਂ ਬਾਰੇ ਚੇਤੰਨ ਹੋਣਗੇ। ਜਿੰਨਾ ਚਿਰ ਇਹ ਸਭ ਕੁਝ ਨਹੀਂ ਹੁੰਦਾ ਉਹ ਆਪਣੀ ਸਮਰੱਥਾ ਅਨੁਸਾਰ ਨਾਟਕ ਕਰੇਗਾ ਜਾਂ ਨਹੀਂ ਕਰੇਗਾ। ਉਹ ਕਿਸੇ ਸੰਕਟ ਵਿਚ ਨਹੀਂ ਹੈ।

ਡਾ. ਆਤਮਜੀਤ ਵੀ ਆਪਣੀ ਗੱਲਬਾਤ ਵਿਚ ਕਿਸੇ ਸੰਕਟ ਦੀ ਗੱਲ ਨਹੀਂ ਕਰਦਾ। ਉਹਨੇ ਆਪਣੀ ਸਮਝ ਅਤੇ ਸੰਵੇਦਨਾ ਅਨੁਸਾਰ ਪਿਛਲੇ 25 ਸਾਲ ਤੋਂ ਨਾਟਕ ਕੀਤਾ ਹੈ। ਉਹਨੇ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਅਤੇ 'ਮੁਸੱਲੀ' ਵਰਗੀਆਂ ਯਾਦਗਾਰੀ ਪੇਸ਼ਕਾਰੀਆਂ ਕੀਤੀਆਂ ਹਨ। ਪਿਛਲੇ ਸਾਲ ਉਹਨੇ ਕੈਨੇਡਾ ਜਾ ਕੇ 'ਕੈਮਲੂਸ ਦੀਆਂ ਮੱਛੀਆਂ' ਨਾਟਕ ਪੇਸ਼ ਕੀਤਾ। ਥੀਏਟਰ ਨੇ ਉਹਨੂੰ ਨਾਂ ਦਿੱਤਾ ਹੈ, ਪ੍ਰਸਿੱਧੀ ਦਿੱਤੀ ਹੈ। ਉਹ ਕਿਸੇ ਸੰਕਟ ਵਿਚ ਨਹੀਂ।

ਅਜਮੇਰ ਸਿੰਘ ਔਲਖ ਬੜੀ ਸ਼ਿੱਦਤ ਨਾਲ ਆਪਣੇ ਨਾਟਕਾਂ ਦੀ ਸਿਰਜਣਾ ਕਰ ਰਿਹਾ ਹੈ। ਪੇਂਡੂ ਮੁਹਾਵਰੇ ਉਤੇ ਉਹਦੀ ਵਿਸ਼ੇਸ਼ ਪਕੜ ਹੈ। ਜਦੋਂ ਨਾਟਕ ਖੇਤਰ ਵਿਚ ਕੰਮ ਕਰ ਰਹੇ ਆਲੋਚਕਾਂ ਨੂੰ ਉਹਦੇ ਨਾਟਕਾਂ ਬਾਰੇ ਸਹੀ ਜਾਣਕਾਰੀ ਮਿਲੇਗੀ ਤਾਂ ਉਹਦਾ ਸ਼ੁਮਾਰ ਦੁਨੀਆਂ ਦੇ ਚੋਟੀ ਦੇ ਪੇਂਡੂ ਨਾਟਕ ਦੇ ਰਚਨਹਾਰੇ ਦੇ ਤੌਰ 'ਤੇ ਹੋਏਗਾ। ਉਹ ਕਿਸੇ ਸੰਕਟ ਵਿਚ ਨਹੀਂ ਹੈ।

ਕੇਵਲ ਧਾਲੀਵਾਲ ਨਵੀਆਂ ਤਕਨੀਕਾਂ ਦੇ ਅਨੁਸਾਰ ਆਪਣੇ ਨਾਟਕਾਂ ਨੂੰ ਡੀਜ਼ਾਇਨ ਕਰਦਾ ਹੈ। ਇਸ ਖੇਤਰ ਵਿਚ ਉਹਦੀਆਂ ਵਿਸ਼ੇਸ਼ ਪ੍ਰਾਪਤੀਆਂ ਹਨ। ਪੰਜਾਬੀ ਦੀਆਂ ਸਾਹਿਤਕ ਕਿਰਤਾਂ ਨੂੰ ਜਿਸ ਖ਼ੂਬਸੂਰਤੀ ਨਾਲ ਉਹਨੇ ਡੀਜ਼ਾਇਨ ਕੀਤਾ ਹੈ, ਉਹ ਕਿਸੇ ਵੀ ਜ਼ਬਾਨ ਦੇ ਥੀਏਟਰ ਦਾ ਮਾਣ ਹੋ ਸਕਦਾ ਹੈ। ਉਹ ਕਿਸੇ ਸੰਕਟ ਵਿਚ ਨਹੀਂ ਹੈ।

ਨੀਲਮ ਮਾਨ ਸਿੰਘ ਦੇ ਥੀਏਟਰ ਦੇ ਐਨ ਉਲਟ ਪੰਜਾਬ ਦਾ ਅਵਾਮੀ ਥੀਏਟਰ ਹੈ। ਇਹ ਮੁੱਖ ਤੌਰ 'ਤੇ ਸਿਆਸੀ ਥੀਏਟਰ ਹੈ। ਇਥੇ ਥੀਏਟਰ ਲੋਕਾਂ ਦੇ ਦੁੱਖਾਂ-ਤਕਲੀਫਾਂ ਦੀ ਗੱਲ ਕਰਦਾ ਹੈ। ਆਧੁਨਿਕ ਸੰਵੇਦਨਾ ਵਾਲਾ ਪੇਂਡੂ ਨਾਟਕ ਇਹਦੀ ਵਿਸ਼ੇਸ਼ਤਾ ਹੈ। 1995 ਦੀ ਗੱਲ ਹੈ, ਨੀਲਮ ਮਾਨ ਸਿੰਘ ਵੀ ਇੰਗਲੈਂਡ ਵਿਚ ਸੀ ਅਤੇ ਮੈਂ ਵੀ ਆਪਣੀ ਟੀਮ ਨਾਲ ਇੰਗਲੈਂਡ ਵਿਚ ਸੀ। 'ਮਾਨਚੈਸਟਰ ਗਾਰਡੀਅਨ' ਅਖ਼ਬਾਰ ਦੇ ਕਲਾ ਟਿੱਪਣੀਕਾਰ ਨੇ ਨੀਲਮ ਮਾਨ ਸਿੰਘ ਦੇ ਥੀਏਟਰ ਦੀ ਵੀ ਅਤੇ ਗਲਾਸਗੋ ਵਿਚ ਹੋਈ ਸਾਡੀ ਪੇਸ਼ਕਾਰੀ ਦੇਖ ਕੇ ਪੰਜਾਬੀ ਥੀਏਟਰ ਦੇ ਭਵਿੱਖ ਦੀ ਵੀ ਗੱਲ ਕੀਤੀ ਅਤੇ ਇਹ ਟਿੱਪਣੀ ਕੀਤੀ ਕਿ ਨੀਲਮ ਮਾਨ ਸਿੰਘ ਦਾ ਥੀਏਟਰ ਜਿਥੇ ਬਿਹਤਰੀਨ ਥੀਏਟਰ ਹੈ, ਉਥੇ ਅਵਾਮੀ ਥੀਏਟਰ ਦੀ ਸਾਦਗੀ ਅਤੇ ਲੋਕਾਂ ਨਾਲ ਨੇੜਤਾ ਇਕ ਬਹੁਤ ਪ੍ਰਸੰਸਾਯੋਗ ਪਛਾਣ ਹੈ। ਪੰਜਾਬ ਦਾ ਅਵਾਮੀ ਥੀਏਟਰ ਇਸ ਖੇਤਰ ਵਿਚ ਹਿੰਦੁਸਤਾਨ ਵਿਚ ਹੋਰਨਾਂ ਸੂਬਿਆਂ ਦੇ ਮੁਕਾਬਲੇ ਵਿਚ ਇਕ ਮੋਹਰਲੀ ਥਾਂ ਰੱਖਦਾ ਹੈ। ਇਹਦਾ ਆਪਣਾ ਜਥੇਬੰਦਕ ਤਾਣਾ-ਬਾਣਾ ਹੈ ਅਤੇ ਇਹ ਕਿਸੇ ਸੰਕਟ ਵਿਚ ਨਹੀਂ।

ਫੇਰ ਸੰਕਟ ਕਿਥੇ ਹੈ? ਇਕ ਤਾਂ ਇਹ ਸੰਕਟ ਅਕਾਦਮਿਕ ਹਲਕਿਆਂ ਵਿਚ ਹੈ। ਵਿਦਵਾਨਾਂ, ਜਿਨ੍ਹਾਂ ਨੇ ਦੁਨੀਆਂ ਦਾ ਕਲਾਸਕੀ ਨਾਟਕ ਪੜ੍ਹਿਆ ਹੈ, ਨੂੰ ਪੰਜਾਬੀ ਨਾਟਕ ਤਸੱਲੀ ਨਹੀਂ ਕਰਵਾਉਂਦਾ। ਤਸੱਲੀ ਕਰਵਾ ਵੀ ਨਹੀਂ ਸਕਦਾ ਕਿਉਂਕਿ ਹੋਰਨਾਂ ਕਲਾ ਵਿਧਾਵਾਂ ਦੇ ਉਲਟ ਇਸ ਵਿਧਾ ਨੂੰ ਦਰਸ਼ਕਾਂ ਦੀ ਸੂਝ ਅਤੇ ਚੇਤਨਾ ਅਨੁਸਾਰ ਆਪਣੇ ਆਪ ਨੂੰ ਢਾਲਣਾ ਪੈਂਦਾ ਹੈ ਅਤੇ ਇਹ ਮਿਆਰ ਵੀ ਉਨ੍ਹਾਂ ਦੀ ਸੂਝ ਅਨੁਸਾਰ ਹੀ ਹੋਵੇਗਾ। ਵਿਦਵਾਨ ਪੰਜਾਬੀ ਥੀਏਟਰ ਪੜ੍ਹਨ ਜਾਂ ਦੇਖਣ ਦੀ ਥਾਂ ਕਲਾਸਕੀ ਥੀਏਟਰ ਹੀ ਪੜ੍ਹਨ ਤਾਂ ਜੋ ਉਨ੍ਹਾਂ ਨੂੰ ਐਵੇਂ ਕਿਸੇ ਸੰਕਟ ਦਾ ਅਹਿਸਾਸ ਹੀ ਨਾ ਹੋਵੇ। ਪੰਜਾਬੀ ਥੀਏਟਰ ਉਨ੍ਹਾਂ ਦੀ ਤਸੱਲੀ ਕਰਵਾਉਂਦਾ ਲੋਕਾਂ ਤੋਂ ਟੁੱਟ ਨਹੀਂ ਸਕਦਾ।

ਦੂਜੇ, ਇਹ ਸੰਕਟ ਉਨ੍ਹਾਂ ਕਲਾਕਾਰਾਂ ਦਾ ਹੈ ਜੋ ਹਾਲੇ ਫੈਸਲਾ ਨਹੀਂ ਕਰ ਸਕੇ ਕਿ ਉਨ੍ਹਾਂ ਨੇ ਕਿਹੋ ਜਿਹਾ ਥੀਏਟਰ ਕਰਨਾ ਹੈ। ਉਨ੍ਹਾਂ ਨੂੰ ਫੈਸਲਾ ਲੈਣਾ ਚਾਹੀਦਾ ਹੈ ਕਿ ਉਹ ਆਪਣੇ ਸਾਧਨਾਂ ਅਨੁਸਾਰ ਕਿਹੋ ਜਿਹਾ ਥੀਏਟਰ ਕਰ ਸਕਦੇ ਹਨ। ਪੰਜਾਬ ਦਾ ਥੀਏਟਰ ਸ਼ੌਕੀਆ ਥੀਏਟਰ ਹੈ। ਇਹ ਪੂਰੀ ਤਰ੍ਹਾਂ ਰੁਜ਼ਗਾਰ ਦਾ ਸਾਧਨ ਨਹੀਂ ਹੋ ਸਕਦਾ। ਆਪਣੇ ਸ਼ਹਿਰ ਅਤੇ ਇਲਾਕੇ ਵਿਚ ਨਾਟਕ ਕਰ ਕੇ ਆਪਣੀ ਸਿਰਜਣਾਤਮਕ ਚਾਹ ਨੂੰ ਪੂਰਾ ਕੀਤਾ ਜਾ ਸਕਦਾ ਹੈ ਅਤੇ ਜਥੇਬੰਦੀਆਂ ਬਣਾ ਕੇ ਸਰਕਾਰ ਦੇ ਸਭਿਆਚਾਰਕ ਮਹਿਕਮੇ ਨੂੰ ਮਜਬੂਰ ਕੀਤਾ ਜਾ ਸਕਦਾ ਹੈ ਕਿ ਉਹ ਜ਼ਿਲਾ ਅਤੇ ਸ਼ਹਿਰ ਪੱਧਰ ਉਤੇ ਇਸ ਸਰਗਰਮੀ ਨੂੰ ਉਤਸ਼ਾਹਤ ਕਰੇ। ਸਰਕਾਰ ਦਾ ਪੈਸਾ ਲੋਕਾਂ ਦਾ ਪੈਸਾ ਹੈ ਅਤੇ ਇਸ ਸਿਰਜਣਾਤਮਕ ਅਮਲ ਵਿਚ ਇਹ ਪੈਸਾ ਲਗਣਾ ਚਾਹੀਦਾ ਹੈ।

ਆਖ਼ਰ ਵਿਚ ਸੰਕਟ ਦੀ ਗੱਲ ਕਰਦਿਆਂ ਇਹ ਕਹਿਣਾ ਬਣਦਾ ਹੈ ਕਿ ਆਪਣੇ ਵਿੱਤ ਅਤੇ ਸਾਧਨਾਂ ਮੁਤਾਬਿਕ ਨਾਟਕ ਕੀਤਾ ਜਾਵੇ ਅਤੇ ਰਾਹ ਲੱਭਿਆ ਜਾਵੇ ਕਿ ਨਾਟਕ ਵੱਧ ਤੋਂ ਵੱਧ ਲੋਕਾਂ ਵਿਚ ਜਾ ਸਕੇ ਕਿਉਂਕਿ ਸੰਵੇਦਨਾ ਦਾ ਵਿਕਾਸ ਹੀ ਚੰਗੇ ਸਮਾਜ ਦੀ ਜ਼ਾਮਨੀ ਹੈ। ਨਾਟਕ ਓਨਾ ਹੀ ਸੰਕਟ ਵਿਚ ਹੈ ਜਿੰਨਾ ਸਮੁੱਚਾ ਸਮਾਜ ਸੰਕਟ ਵਿਚ ਹੈ। ਪੰਜਾਬੀ ਨਾਟਕ ਨੂੰ ਵੀ ਇਸੇ